ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਤਿਦਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਨੇ ਫ਼ਰਮਾਇਆ :

ਲਗਭਗ ਤਿੰਨ ਸਪਤਾਹ ਪਹਿਲਾਂ ਜਮਾਤ ਅਹਮਦੀਆ ਯੂਕੇ ਨੇ ਬਰਤਾਨੀਆਂ ਵਿੱਚ ਜਮਾਤ ਦੇ ਸੌ ਸਾਲ ਪੂਰੇ ਹੋਣ'ਤੇ ਇਕ ਸਭਾ ਆਯੋਜਿਤ ਕੀਤੀ ਸੀ ਜਿਸ ਵਿੱਚ ਵੱਖ ਵੱਖ ਧਰਮਾ ਦੇ ਵਿਦਵਾਨਾਂ ਜਾਂ ਨੁਮਾਇੰਦਿਆਂ ਨੂੰ ਸੱਦਾ ਪੱਤਰ ਦਿੱਤਾ ਗਿਆ ਸੀ ਕਿ ਉਹ ਆਪਣੀਆਂ ਆਪਣੀਆਂ ਧਾਰਮਕ ਕਿਤਾਬਾਂ ਦੇ ਆਧਾਰ'ਤੇ ਰੱਬ ਅਤੇ ਧਰਮ ਦੀ ਕਲਪਨਾ ਨੂੰ ਪੇਸ਼ ਕਰਨ । ਅਤੇ ਇਹ ਕਿ ਇੱਕੀਵੀਂ ਸਦੀ ਵਿੱਚ ਰੱਬ ਦਾ ਕਿਰਦਾਰ ਤੇ ਰੱਬ ਦੀ ਕੀ ਲੋੜ ਹੈ । ਹਾਂ, ਇਸ ਵਿੱਚ ਸਪਸ਼ਟ ਹੈ ਕਿ ਇਸ ਵਿੱਚ ਇਸਲਾਮ ਦੀ ਨੁਮਾਇੰਦਗੀ ਤਾਂ ਹੋਣੀ ਸੀ ਅਤੇ ਜਮਾਤ ਨੇ ਕਰਨੀ ਸੀ, ਇਸ ਤੋਂ ਬਿਨਾ ਯਹੂਦੀ, ਈਸਾਈ, ਬੁੱਧਈਜ਼ਮ, ਦਰੂਜ਼ੀ, ਹਿੰਦੂ ਮੱਤ ਆਦਿ ਦੀ ਵੀ ਨੁਮਾਇੰਦਗੀ ਸੀ, ਜਿੰਨ੍ਹਾ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਜ਼ਰਤੁਸ਼ਤਾਂ ਤੇ ਸਿੱਖਾਂ ਦੀ ਨੁਮਾਇੰਦਗੀ ਵੀ ਸੀ, ਬਹਾਈ ਆਦਿ ਵੀ ਸ਼ਾਮਲ ਸਨ ।

ਇਸ ਤੋਂ ਬਿਨਾਂ ਕਈ ਰਾਜਨੀਤਕਾਂ ਅਤੇ ਹਿਯੂਮਨ ਰਾਈਟਸ ਦੇ ਨੁਮਾਇੰਦਗਿਆਂ ਨੂੰ ਵੀ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਅਵਸਰ ਦਿੱਤਾ ਗਿਆ । ਇਹ ਆਯੋਜਨ ਇੱਥੋਂ ਦੇ ਸਭ ਤੋ ਵੱਡੇ ਤੇ ਪੁਰਾਣੇ ਅਤੇ ਰਿਵਾਇਤੀ ਹਾਲ ਜਿਸ ਦਾ ਨਾਂ Guild hall ਹੈ ਵਿੱਚ ਨਿਰਧਾਰਤ ਹੋਇਆ ।

ਹਜ਼ੂਰ ਸਾਹਿਬ ਨੇ ਫ਼ਰਮਾਇਆ ਮੇਰਾ ਉਦੇਸ਼ ਇਸ ਸਮੇਂ ਇਹ ਹੈ ਕਿ ਜੋ ਆਯੋਜਨ ਹੋਇਆ, ਉਸ ਬਾਰੇ ਕੁਝ ਦੱਸਾਂ :

ਇਸ ਤੋਂ ਚੰਗਾ ਹੈ, ਖ਼ੁਤਬੇ ਲੋਕ ਚੰਗੀ ਤਰ੍ਹਾਂ ਸੁਣਦੇ ਹਨ, ਇਸ ਲਈ ਸੰਖੇਪ ਵਿੱਚ ਇਸਦਾ ਵਰਨਣ ਕਰਾਂਗਾ, ਪਰ ਚੰਗਾ ਇਹੋ ਹੈ ਕਿ ਇਸ ਨੂੰ ਜੱਦ ਵੀ ਐਮ.ਟੀ.ਏ. ਉਪੱਰ ਆਏ ਅਹਮਦੀਆਂ ਨੂੰ ਇਹ ਦੇਖਣਾ ਚਾਹੀਦਾ ਹੈ, ਇਕ ਚੰਗਾ ਭਰਪੂਰ ਪ੍ਰੋਗਰਾਮ ਸੀ।

ਮੈਂ ਇਸ ਸਮੇਂ ਭਾਸ਼ਣ ਕਰਤਾਵਾਂ ਦੇ ਸੰਖੇਪ ਜਿਹੇ ਸਾਰ ਦੇ ਕੁਝ ਵਾਕ ਪੇਸ਼ ਕਰਾਂਗਾ । ਇਕ ਹਿੰਦੂ ਕੌਂਸਲ ਦੇ ਚੇਅਰਮੈਨ ਹਿਮੇਸ਼ ਚੰਦਰ ਸ਼ਰਮਾ ਸਾਹਬ, ਕਹਿੰਦੇ ਹਨ ਕਿ ਅੱਜ ਦਾ ਸ਼ੀਰਸ਼ਕ ਬਹੁਤ ਮਨਮੋਹਕ ਹੈ, ਇਸ ਤੋਂ ਸਿੱਧ ਹੁੰਦਾ ਹੈ ਕਿ ਅਸੀਂ ਸਾਰੇ ਇਸ ਗੱਲ ਉਪੱਰ ਸਹਿਮਤ ਹਨ ਕਿ ਇਸ ਕਾਇਨਾਤ ਵਿੱਚ ਰੱਬ ਦਾ ਵਜੂਦ ਹੈ, ਦੂਜੀ ਗੱਲ ਜੋ ਬਹੁਤ ਸਪਸ਼ਟ ਹੈ ਉਹ ਇਹ ਹੈ ਕਿ ਰਾਜਨੀਤਕ ਲੀਡਰ ਅਤੇ ਹੋਰ, ਸੰਸਾਰ ਵਿੱਚ ਅਮਨ ਕਾਇਮ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ । ਹਰ ਪਾਸੇ ਝਗੜੇ ਫ਼ਸਾਦ ਮਰੇ ਹੋਏ ਹਨ ਅਤੇ ਲੋਕਾਂ ਦਾ ਵਿਸ਼ਵਾਸ ਰਾਜਨਤਿਕਾਂ ਤੋਂ ਉੱਠ ਗਿਆ ਹੈ । ਇਸ ਲਈ ਮੇਰੇ ਵਿਚਾਰ ਅਨੁਸਾਰ ਸਮਾਂ ਆ ਗਿਆ ਹੈ ਕਿ ਅਸੀਂ ਮਨੁੱਖਤਾ ਦੀ ਭਲਾਈ ਲਈ ਮੁੜ ਧਰਮ ਵੱਲ ਮੁੜੀਏ । ਫਿਰ ਦਲਾਈ ਲਾਮਾ ਦਾ ਸੰਦੇਸ਼, ਬੁੱਧ ਧਰਮ ਦੇ ਰਹਿਨੁਮਾ ਜੋ ਇੱਥੇ ਲੰਦਨ ਵਿੱਚ ਹਨ, ਉਹਨਾਂ ਨੇ ਉਹਨਾਂ ਦੀ ਨੁਮਾਇੰਦਗੀ ਵਿੱਚ ਪੜ੍ਹਿਆ ।

ਇਹ ਕਹਿੰਦੇ ਹਨ ਅਹਮਦੀਆ ਮੁਸਲਿਮ ਜਮਾਤ ਵੱਲੋਂ ਬਰਤਾਨੀਆ ਵਿੱਚ **11** ਫ਼ਰਵਰੀ **2014** ਈ. ਨੂੰ ਆਯੋਜਿਤ ਹੋਣ ਵਾਲੀ ਅੰਤਰ ਰਾਸ਼ਟਰੀ ਧਾਰਮਕ ਕਾਨਫ਼੍ਰੰਸ ਨੂੰ ਨਿਰਧਾਰਤ ਕਰਨ ਦੀ ਜੁਰੱਤ ਨੂੰ ਸਰਾਹੁੰਦਾ ਹਾਂ । ਮੈਂ ਵਿਸ਼ਵਾਸ ਰੱਖਦਾ ਹਾਂ ਕਿ ਇਸ ਪ੍ਰਕਾਰ ਦੇ ਸਮਾਰੋਹ ਭਵਿੱਖ ਵਿੱਚ ਬਹੁਤ ਦੂਰ ਤੱਕ ਲਾਹੇਵੰਦ ਹੁੰਦੇ ਹਨ । ਫਿਰ ਦਰੂਜ਼ੀ ਕੰਮਿਯੂਨਿਟੀ ਦੇ ਪੇਸ਼ਵਾ ਸ਼ੇਖ ਮੌਫ਼ਿਕ ਸਾਹਬ ਕਹਿੰਦੇ ਹਨ ਕਿ ਮੈਂ ਅਹਮਦੀਆ ਮੁਸਲਿਮ ਜਮਾਤ ਦੇ ਇਮਾਮ ਦਾ ਧੰਨਵਾਦੀ ਹਾਂ ਕਿ ਉਹਨਾਂ ਨੇ ਅਤੇ ਉਹਨਾਂ ਦੀ ਜਮਾਤ ਨੇ ਮੈਂਨੂੰ ਇਸ ਕਾਨਫ਼੍ਰੰਸ ਵਿੱਚ ਭਾਗ ਲੈਣ ਦਾ ਸੱਦਾ ਪੱਤਰ ਦਿੱਤਾ ਅਤੇ ਮੈਂ ਅਹਮਦੀਆਂ ਮੁਸਲਿਮ ਜਮਾਤ ਦੇ ਬਰਤਾਨੀਆਂ ਵਿੱਚ ਸੌ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ ਆਯੋਜਿਤ ਕੀਤੀ ਜਾਣ ਵਾਲੀ ਇਸ ਸ਼ਾਨਦਾਰ ਕਾਨਫ਼੍ਰੰਸ ਦੇ ਆਯੋਜਨ ਉਪੱਰ ਮੁਬਾਰਕਬਾਦ ਪੇਸ਼ ਕਰਦਾ ਹਾਂ । ਸਾਡੀ ਦਰੂਜ਼ ਕੰਮਿਯੂਨਿਟੀ ਦੀ ਪਵਿੱਤਰ ਧਰਤੀ ਵਿੱਚ ਜਮਾਤ ਅਹਮਦੀਆ ਨਾਲ ਬਹੁਤ ਮਿਤੱਰਤਾ ਦੇ ਸੰਬੰਧ ਹਨ । ਸਾਨੂੰ ਆਪ ਵੱਲੋਂ ਸੱਦਾ ਪਤੱਰ

ਮਿਲਣ ਦੀ ਖੁਸ਼ੀ ਹੈ । ਆਓ ਅਸੀਂ ਸਾਰੇ ਮਿਲਕੇ ਜ਼ੁਲਮ ਅਤੇ ਅਤਿਆਚਾਰ ਦਾ ਖੰਡਨ ਕਰੀਏ ਅਤੇ ਪ੍ਰੇਮ ਦੇ ਉਹ ਬੀ ਬੀਜੀਏ ਜਿਨ੍ਹਾ ਰਾਹੀਂ ਕੇਵਲ ਪੂਰਬ ਵਿੱਚ ਹੀ ਨਹੀਂ ਸਗੋਂ ਸਾਰੇ ਆਲਮ ਵਿੱਚ ਪ੍ਰੇਮ ਦੇ ਸੋਮੇ ਫੁੱਟ ਪੈਣ ।

ਫਿਰ ਕੈਥੋਲਿਕ ਚਰਚ ਦੇ ਬਿਸ਼ਪ ਕੈਮਨ ਮੈਕਡੋਨਲਡ ਨੇ ਕਿਹਾ ਕਿ ਮੈਂਨੂੰ ਸਰਬ ਧਰਮ ਦੇ ਇਸ ਸਮਾਰੋਹ ਵਿੱਚ ਭਾਗ ਲੈਕੇ ਅਤੇ ਕੈਥੋਲਿਕ ਚਰਚ ਦੀ ਨੁਮਾਇੰਦਗੀ ਵਿੱਚ ਆਪਣੇ ਵਿਚਾਰ ਪੇਸ਼ ਕਰਕੇ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ । ਇਸ ਸਮੇਂ ਦੁਨੀਆ ਨੂੰ ਇਸ ਪ੍ਰਕਾਰ ਦੇ ਸਮਾਰੋਹਾਂ ਦੀ ਅਤਿਅੰਤ ਲੋੜ ਹੈ ।

ਫਿਰ ਇਸ ਦੇ ਬਾਦ ਉਹਨਾਂ ਨੇ ਪੋਪ ਦੀ ਕੈਬਨਿਟ ਦੇ 'ਪ੍ਰੈਜ਼ੀਡੈਂਟ ਆਫ਼ ਕੈਬਨਿਟ' ਜਨਾਬ ਕਾਰਡੀਨਲ ਪੈਟ੍ਰਿਕਟਸਨ ਦਾ ਸੰਦੇਸ਼ ਪੜ੍ਹ ਕੇ ਸੁਣਾਇਆ । ਕੁਝ ਰਾਜਨੀਤਕ ਲੋਕਾਂ ਦੇ ਵੀ ਸੰਦੇਸ਼ ਤੇ ਭਾਸ਼ਣ ਸਨ ।

ਘਾਨਾ ਦੇ ਰਾਸ਼ਟਰਪਤੀ ਦਾ ਸੰਦੇਸ਼ ਉਹਨਾਂ ਦੇ ਇਕ ਹਾਈ ਕਮਿਸ਼ਨਰ ਨੇ ਪੜ੍ਹਕੇ ਸੁਣਾਇਆ । ਫ਼ਿਰ ਇੱਥੋਂ ਦੀ ਬੈਰੂਨਸ ਸਈਦਾ ਵਾਰਸੀ ਸਾਹਿਬਾ ਹਨ, ਇਹ ਵੀ ਆਈ ਹੋਈ ਸਨ । ਇਹ ਕਹਿੰਦੀ ਹਨ ਕਿ ਅੱਜ ਇਸ ਇਤਿਹਾਸਕ ਹਾਲ ਵਿੱਚ ਅੰਤਰ ਰਾਸ਼ਟਰੀ ਸਰਬ ਧਰਮ ਸੰਮੇਲਨ ਲਈ ਇਕਤੱਰ ਹੋਣ ਵਾਲੇ ਮਾਨਯੋਗ ਪਤਵੰਤਿਆਂ ਸਾਹਮਣੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਮੇਰੇ ਲਈ ਇਕ ਸਨਮਾਨ ਹੈ । ਇਹ ਕਾਨਫ਼੍ਰੰਸ ਅਹਮਦੀਆ ਮੁਸਲਿਮ ਜਮਾਤ ਦੇ ਬੁਲੰਦ ਹੌਂਸਲੇ, ਖੁੱਲਦਿਲੀ, ਵਿਸ਼ਾਲ ਦ੍ਰਿਸ਼ਟੀ ਤੇ ਉੱਚ ਆਚਰਣ ਦਾ ਪ੍ਰਤੀਬਿੰਬ ਹੈ ਕਿ ਆਪ ਲੋਕਾਂ ਨੇ ਵਿਸ਼ਵਿਆਪੀ ਸਪ੍ਰਧਾ ਦੇ ਅਜਿਹੇ ਸਮਾਰੋਹ ਦਾ ਆਯੋਜਨ ਕੀਤਾ ਹੈ ਜਿਸ ਵਿੱਚ ਕੇਵਲ ਆਪਣੀ ਜਮਾਤ ਦੀਆਂ ਆਸਥਾਵਾਂ ਪੇਸ਼ ਕਰਨ ਦੀ ਥਾਂ ਸਾਰੇ ਧਰਮਾਂ ਦੇ ਨੁਮਾਇੰਦਿਆਂ ਨੂੰ ਆਪਣਾ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਦਾ ਨਿਮੰਤਰਣ ਦਿੱਤਾ ਹੈ । ਸਾਨੂੰ ਬਰਤਾਨੀਆਂ ਦੇ ਦੂਰ ਦੁਰਾਡੇ ਖੇਤਰਾਂ ਵਿੱਚ ਕੇਵਲ ਮਨੁਖੱਤਾ ਦੇ ਆਧਾਰ'ਤੇ ਜਮਾਤ ਅਹਮਦੀਆ ਵੱਲੋਂ ਕੀਤੇ ਗਏ ਲਾਹੇਵੰਦ ਕਾਰਜਾਂ ਦੇ ਪ੍ਰਭਾਵ ਦਿਸਦੇ ਹਨ । ਫਿਰ ਕਹਿੰਦੀ ਹਨ ਕਿ ਇਸ ਸਮਾਰੋਹ ਦੇ ਸਫ਼ਲ ਆਯੋਜਨ ਰਾਹੀਂ ਇਹ ਵੀ ਪ੍ਰਮਾਣਤ ਹੋ ਗਿਆ ਹੈ ਕਿ ਦੁਨੀਆ ਭਰ ਦੇ ਧਰਮ ਮਿਲ ਬੈਠ ਕੇ ਇਕਜੁੱਟ ਹੋਕੇ ਧਾਰਮਕ ਮਿਲਵਰਤਨ ਵੱਲ ਕਦਮ ਚੁਕੱਣ ਲਈ ਤਿਆਰ ਹਨ । ਇਸ ਕਾਨਫ਼੍ਰੰਸ ਵਿੱਚ ਭਾਗ ਲੈਣਾ ਮੇਰੇ ਲਈ ਬਹੁਤ ਸਨਮਾਨ ਦੀ ਗੱਲ ਹੈ ।

ਅਮਰੀਕਾ ਦੀ ਕਮੀਸ਼ਨ ਆਨ ਇੰਟਰਨੈਸ਼ਨਲ ਰਿਲੀਜਿਯਸ ਫ਼੍ਰੀਡਮ ਦੀ ਵਾਈਸ ਚੇਅਰਮੈਨ ਹਨ ਡਾਕਟਰ ਕਟਰੀਨਾ, ਇਹਨਾਂ ਦੇ ਅਹਮਦੀਆ ਮੁਸਲਿਮ ਜਮਾਤ ਨਾਲ ਬਹੁਤ ਪੁਰਾਣੇ ਸੰਬੰਧ ਹਨ । ਇਹ ਕਹਿੰਦੀ ਹਨ ਕਿ ਅੱਜ ਆਪ ਨਾਲ ਸ਼ਾਮਲ ਹੋਣ ਦਾ ਜੋ ਮੈਂਨੂੰ ਸੁਭਾਗ ਪ੍ਰਾਪਤ ਹੋ ਰਿਹਾ ਹੈ ਇਸ'ਤੇ ਮੈਂ ਬਹੁਤ ਖ਼ੁਸ਼ੀ ਤੇ ਸਨਮਾਨ ਅਨੁਭਵ ਕਰ ਰਹੀ ਹਾਂ । ਅਤੇ ਆਪ ਦੀ ਜਮਾਤ ਦੇ ਬਰਤਾਨੀਆਂ ਵਿੱਚ ਸਥਾਪਨਾ ਦੇ ਸੌ ਸਾਲ ਪੂਰੇ ਹੋਣ ਦੇ ਅਵਸਰ'ਤੇ ਅੱਜ ਦੇ ਸਮਾਰੋਹ ਵਿੱਚ ਹਾਜ਼ਰ ਹਾਂ । ਕਹਿੰਦੀ ਹਨ ਕਿ ਅੱਜ ਦਾ ਸਮਾਰੋਹ ਆਪਸੀ ਮਿਲਵਰਤਨ ਅਤੇ ਧਾਰਮਕ ਸੁਤੰਤਰਤਾ ਦੀਆਂ ਕਦਰਾਂ ਕੀਮਤਾਂ ਦੀ ਪਛਾਣ ਲਈ ਆਯੋਜਿਤ ਕੀਤਾ ਗਿਆ ਹੈ ਅਤੇ ਇਹ ਵਿਸ਼ੇਸ਼ ਗੁਣ ਹੀ ਆਪਦੀ ਜਮਾਤ ਦੇ ਬੁਨਿਆਦੀ ਉਸੂਲ ਹਨ ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਦਾ ਸੰਦੇਸ਼, ਉਹਨਾਂ ਦੇ ਇੱਥੋਂ ਦੇ ਅਟਾਰਨੀ ਜਨਰਲ ਰਾਈਟ ਆਨਰੇਬਲ ਡਾਮਿਨਿਕ ਕ੍ਰਿਯੂ ਨੇ ਪੜ੍ਹਿਆ ਸੀ, ਸੰਦੇਸ਼ ਪੜ੍ਹਨ ਤੋਂ ਪਹਿਲਾਂ ਉਹਨਾਂ ਨੇ ਆਪਣੇ ਵੱਲੋਂ ਕੁਝ ਗੱਲਾਂ ਆਖੀਆਂ, ਉਹਨਾਂ ਨੇ ਕਿਹਾ ਕਿ ਅੱਜ ਦਾ ਸਮਾਰੋਹ ਇਕ ਵੱਖਰੀ ਪ੍ਰਕਾਰ ਦਾ ਸਮਾਰੋਹ ਹੈ । ਇਕ ਇਸਾਈ ਹੋਣੇ ਦੇ ਨਾਤੇ ਮੇਰਾ ਇਹ ਤਜਰਬਾ ਹੈ ਕਿ ਅਜਿਹਾ ਮਨੁੱਖ ਜੋ ਕਿਸੇ ਵੀ ਧਰਮ ਦਾ ਪੈਰੋਕਾਰ ਹੋਵੇ, ਇਕ ਅਧਰਮੀ ਮਨੁੱਖ ਦੀ ਤੁਲਨਾ ਵਿੱਚ ਦੂਜੇ ਧਰਮ ਦੇ ਮਨ੍ਹਣ ਵਾਲਿਆਂ ਦੇ ਅਨੁਭਵਾਂ ਤੇ ਜਜ਼ਬਿਆਂ ਨੂੰ ਚੰਗੀ ਤਰ੍ਹਾਂ ਸਮਾਝ ਸਕਦਾ ਹੈ ।

ਫਿਰ ਪ੍ਰਧਾਨ ਮੰਤਰੀ ਦਾ ਸੰਦੇਸ਼ ਉਹਨਾਂ ਨੇ ਪੜ੍ਹਿਆ ਕਿ ਮੈਂ ਅਹਮਦੀਆ ਮੁਸਲਿਮ ਜਮਾਤ ਨੂੰ ਦੁਨੀਆਂ ਵਿੱਚ ਅਮਨ ਦੀ ਸਥਾਪਨਾ ਲਈ ਵੱਖ ਵੱਖ ਧਰਮਾ ਦੇ ਨੁਮਾਇੰਦਿਆਂ ਨੂੰ ਇਕ ਪਲੇਟ ਫ਼ਾਰਮ ਉਪੱਰ ਇਕਤੱਰ ਕਰਨ ਲਈ

ਦਿਲੀ ਮੁਬਾਰਕਬਾਦ ਪੇਸ਼ ਕਰਦਾ ਹਾਂ । ਮੈਂ ਅਹਮਦੀਆਂ ਮੁਸਲਿਮ ਜਮਾਤ ਦੇ ਇੰਗਲੈਂਡ ਵਿੱਚ ਅਦੁੱਤੀ ਮਨੁੱਖੀ ਸੇਵਾ ਦੀ ਸਰਾਹਨਾ ਕਰਦਾ ਹਾਂ । ਆਪ ਲੋਕ ਇਕ ਪਾਸੇ ਦੇਸ਼ ਦੇ ਦੂਰ ਦੁਰਾਡੇ ਖੇਤਰਾਂ ਵਿੱਚ ਸਰਬ ਧਰਮ ਸਮਾਰੋਹਾਂ ਦਾ ਆਯੋਜਨ ਕਰਦੇ ਹਨ ਅਤੇ ਦੂਜੇ ਪਾਸੇ ਵਰਤਮਾਨ ਹੜ੍ਹਾਂ ਦੀ ਅਵਸਥ ਵਿੱਚ ਮੁਸੀਬਤਾਂ ਵਿੱਚ ਫਸੇ ਲੋਕਾਂ ਦੀ ਸਹਾਇਤਾ ਕਰ ਰਹੇ ਹਨ । (ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਖ਼ੁਦੱਾਮੁਲ ਅਹਮਦੀਆ ਨੇ ਇਸ ਵਿੱਚ ਬਹੁਤ ਵੱਡਾ ਕੰਮ ਕੀਤਾ ਹੈ ।) ਫਿਰ ਕਹਿੰਦੇ ਹਨ ਕਿ ਜਿੱਥੋਂ ਤੱਕ ਧਾਰਮਾਂ ਵਿੱਚ ਖ਼ੁਸ਼ੀਆਂ ਭਰਿਆਂ ਵਾਤਾਵਰਣ ਪੈਦਾ ਕਰਨ ਦਾ ਪ੍ਰਸ਼ਨ ਹੈ, ਅੱਜ ਦੇ ਦਿਨ ਆਯੋਜਿਤ ਹੋਣ ਵਾਲਾ ਇਹ ਸਮਾਰੋਹ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਆਪ ਲੋਕ ਆਪਣੇ ਮਿਸ਼ਨ ਵਿੱਚ ਕਿੰਨ੍ਹੇ ਗੰਭੀਰ ਹਨ ਕਿ ਵੱਖ ਵੱਖ ਧਰਮਾ ਦੇ ਲੋਕ ਰੱਲ ਬਹਿਣ ਅਤੇ ਸਾਰੀ ਦੁਨੀਆ ਅਮਨ ਦਾ ਘਰ ਬਣ ਜਾਵੇ । ਮੈਂਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਇਸ ਸਮਾਰੋਹ ਵਿੱਚ ਬਰਤਾਨੀਆਂ ਸਰਕਾਰ ਦੀ ਵੀ ਨੁਮਾਇੰਦਗੀ ਹੋ ਰਹੀ ਹੈ । ਅਸੀਂ ਲੋਕ ਇਮਾਮ ਅਹਮਦੀਆ ਮੁਸਲਿਮ ਜਮਾਤ ਅਤੇ ਹੋਰਨਾ ਧਰਮਾ ਦੇ ਨੁਮਾਇੰਦਿਆਂ ਅਤੇ ਹੋਰ ਪਤਵੰਤਿਆਂ ਨਾਲ ਰੱਲਕੇ ਇਸ ਗੱਲ ਉਪੱਰ ਵਿਚਾਰ ਕਰਾਂਗੇਂ ਕਿ ਵੱਖ ਵੱਖ ਧਰਮ ਇਕ ਦੂਜੇ ਨਾਲ ਸਹਿਯੋਗ ਕਰਕੇ ਕਿਵੇਂ ਦੁਨੀਆ ਵਿੱਚ ਅਮਨ ਦੀ ਸਥਾਪਨਾ ਲਈ ਆਪਣਾ ਕਿਰਦਾਰ ਨਿਭਾ ਸਕਦੇ ਹਨ ।

ਫਿਰ ਮਲਕਾ ਜੋ ਚਰਚ ਆਫ਼ ਇੰਗਲੈਂਡ ਦੀ ਆਗੂ ਹਨ, ਉਹਨਾਂ ਦੇ ਪ੍ਰਾਈਵੇਟ ਸੈਕ੍ਰੇਟਰੀ ਨੇ ਲਿੱਖਿਆ ਕਿ ਇੰਗਲੈਂਡ ਦੀ ਮਲਕਾ ਲਈ ਅਹਮਦੀਆ ਮੁਸਲਿਮ ਜਮਾਤ ਇੰਗਲੈਂਡ ਵੱਲੋਂ ਆਪਣੇ ਸੌ ਸਾਲਾ ਜਸ਼ਨ ਦੇ ਮੌਕੇ ਉਪੱਰ Guild hall ਵਿੱਚ ਇਸ ਵਿਸ਼ਵਵਿਆਪੀ ਮਹਾਨ ਸਰਬ ਧਰਮ ਸਮਾਰੋਹ ਦਾ ਸੰਦੇਸ਼ ਸ਼ਲਾਘਾ ਯੋਗ ਹੈ । ਮਲਕਾ ਨੂੰ ਇਸ ਸਮਾਰੋਹ ਦੇ ਮੰਤਵ ਜਾਣਕੇ ਬਹੁਤ ਖ਼ੁਸ਼ੀ ਹੋਈ ਅਤੇ ਉਹ ਆਪ ਦੇ ਸੰਦੇਸ਼ ਭਿਜਵਾਉਣ ਦੀ ਬੇਨਤੀ ਲਈ ਬਹੁਤ ਧੰਨਾਵਾਦੀ ਹਨ ।

ਮਲਕਾ ਦੀ ਆਪ ਸਾਰਿਆਂ ਲਈ ਦਿਲੀ ਇਛੱਾ ਹੈ ਕਿ ਸਮਾਰੋਹ ਇਕ ਸਫ਼ਲ ਤੇ ਯਾਦਗਾਰੀ ਸਮਾਰੋਹ ਬਣ ਜਾਵੇ ।

ਹਜ਼ੂਰ ਨੇ ਫ਼ਰਮਾਇਆ, ਇਹ ਸਨ ਕੁਝ ਗ਼ੈਰਾਂ ਦੇ ਵਿਚਾਰ, ਜੋ ਮੈਂ ਉੱਥੇ ਕਿਹਾ, ਉਸ ਦਾ ਸਾਰ ਵੀ ਵਰਨਣ ਕਰ ਦਿਆਂ :

ਅਲੱਾਹ ਤਆਲਾ ਇਹ ਚਾਹੁੰਦਾ ਹੈ ਕਿ ਮਨੁੱਖਾਂ ਦਾ ਸੁਧਾਰ ਹੋਵੇ, ਅਤੇ ਮਨੁੱਖ ਵੀ ਰੱਬ ਦਾ ਹੱਕ ਪੂਰਾ ਕਰਨ ਵਾਲੇ ਹੋਣ ਅਤੇ ਉਸਦੀ ਮਖ਼ਲੂਕ ਦਾ ਵੀ ਹੱਕ ਪੂਰਾ ਕਰਨ ਵਾਲੇ ਹੋਣ । ਇਸੇ ਉਦੇਸ਼ ਲਈ ਰੱਬ ਨਬੀਆਂ ਨੂੰ ਦੁਨੀਆਂ ਵਿੱਚ ਭੇਜਦਾ ਹੈ । ਨਬੀਆਂ ਦੀ ਜੋ ਗੱਲ ਸੁਣਦੇ ਹਨ ਉਹ ਲੋਕ ਸਫ਼ਲ ਹੁੰਦੇ ਹਨ । ਜਿੰਨ੍ਹਾ ਨੇ ਇਨਕਾਰ ਕੀਤਾ ਉਹ ਮਾੜੇ ਸਿੱਟੇ ਨੂੰ ਪਹੁੰਚੇ । ਮੈਂ ਫਿਰ ਦੱਸਿਆ ਜੱਦ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਰੀ ਦੁਨੀਆ ਦੇ ਸੁਧਾਰ ਲਈ ਭੇਜਿਆ ਤਾਂ ਆਪ ਨੇ ਉਸਨੂੰ ਪ੍ਰਾਪਤ ਕਰਨ ਲਈ ਪ੍ਰਚਾਰ ਅੰਤ ਤੱਕ ਪਹੁੰਚਾਇਆ । ਕੇਵਲ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਰਾਤਾਂ ਨੂੰ ਇਸ ਗੰਭੀਰਤਾ ਨਾਲ ਉਸਦੇ ਸਿੱਟੇ ਪ੍ਰਾਪਤ ਕਰਨ ਲਈ ਅਤੇ ਲੋਕਾਂ ਦਿਲਾਂ ਤੇ ਸੀਨਿਆਂ ਨੂੰ ਖੋਲਣ ਲਈ ਦੁਆਵਾਂ ਕੀਤੀਆਂ ਕਿ ਆਪ ਦੀਆਂ ਸਜੱਦਾਗਾਹਾਂ ਹੰਝੂਆਂ ਨਾਲ ਭਿੱਜ ਜਾਂਦੀਆਂ ਸਨ । ਆਪ ਦੇ ਮਨ ਵਿੱਚ ਮਨੁੱਖਤਾ ਦਾ ਸੁਧਾਰ ਅਤੇ ਉਸਨੂੰ ਤਬਾਹੀਂ ਤੋਂ ਬਚਾਉਂਣ ਲਈ ਜੋ ਪੀੜ੍ਹਾ ਸੀ ਉਸ ਨੂੰ ਵਰਨਣ ਨਹੀਂ ਕੀਤਾ ਜਾ ਸਕਦਾ । ਆਪ ਨੇ ਉਹਨਾਂ ਲੋਕਾਂ ਨੂੰ ਜੋ ਹਰ ਪ੍ਰਕਾਰ ਦੀਆਂ ਬੁਰਾਈਆਂ ਵਿੱਚ ਗ੍ਰਿਸੇ ਹੋਏ ਸਨ, ਉਹਨਾਂ ਨੂੰ ਬੁਰਾਈਆਂ ਤੋਂ ਛੁਡਾਕੇ ਆਚਰਣ ਭਰਪੂਰ ਤੇ ਰੱਬ ਨਾਲ ਸੰਬੰਧ ਜੋੜਨ ਵਾਲੇ ਬਣਾ ਦਿੱਤਾ । ਇਹ ਪਰਿਵਰਤਨ ਕੋਈ ਸੰਸਾਰਕ ਸ਼ਕਤੀ ਨਹੀਂ ਕਰ ਸਕਦੀ ਸੀ । ਇਹ ਨਿਰੋਲ ਉਸ ਰੱਬ ਦਾ ਕਾਰਜ ਸੀ ਜੋ ਦੁਆਵਾਂ ਨੂੰ ਸੁਨਣ ਵਾਲਾ ਤੇ ਦਿਲਾਂ'ਤੇ ਕਬਜ਼ਾ ਰੱਖਦਾ ਹੈ ।

ਫਿਰ ਮੈਂ ਦੱਸਿਆ ਕਿ ਦੁਸ਼ਮਣਾ ਨਾਲ ਵੀ ਚੰਗੇ ਵਰਤਾਓ ਦੀਆਂ ਅਜਿਹੀਆਂ ਉਧਾਰਣਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਸਥਾਪਤ ਕੀਤੀਆਂ ਕਿ ਜਿਸ ਦੀਆਂ ਕਿਤੇ ਵੀ ਦੁਨਿਆਵੀ ਮਾਮਲਿਆਂ ਵਿੱਚ ਮਿਸਾਲ ਨਹੀਂ ਮਿਲ ਸਕਦੀ । ਦੁਸ਼ਮਣਾ ਨੂੰ, ਉਹਨਾਂ ਦੁਸ਼ਮਣਾ ਨੂੰ ਜਿੰਨ੍ਹਾ ਨੇ ਮੱਕੇ ਵਿੱਚ ਦੁਸ਼ਮਣੀ ਦਾ ਅੱਤ ਕੀਤਾ ਹੋਇਆ ਸੀ, ਮੱਕੇ

ਦੀ ਫ਼ਤਿਹ ਸਮੇ ਇਸ ਪ੍ਰਕਾਰ ਮਾਫ਼ ਕੀਤਾ ਜਿਵੇਂ ਕਦੇ ਵੀ ਉਹਨਾਂ ਨੇ ਕੋਈ ਗ਼ਲਤੀ ਜਾ ਸ਼ਰਾਰਤ ਕੀਤੀ ਹੀ ਨ ਹੋਵੇ । ਇਸਲਾਮ ਅਤੇ ਹਜ਼ਰਤ ਮੁਹੱਮਦ ਸਲਲੱਹੁ ਅਲੈਹਿ ਵਸੱਲਮ ਉਪੱਰ ਜੋ ਸਖ਼ਤੀ ਜਾਂ ਜੰਗਾ ਦਾ ਆਰੋਪ ਲਾਇਆ ਜਾ ਸਕਦਾ ਹੈ ਅਤੇ ਅੱਜ ਕਲ ਵੀ ਇਸ ਦੁਨੀਆਂ ਵਿੱਚ ਲਾਇਆ ਜਾਂਦਾ ਹੈ, ਇਹ ਇਤਿਹਾਸਕ ਹਕੀਕਤਾਂ ਤੋਂ ਅਣਜਾਨਪੁਣੇ ਦਾ ਸਿੱਟਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਕਦੇ ਵੀ ਜੰਗਾ ਵਿੱਚ ਪਹਿਲ ਨਹੀਂ ਕੀਤੀ । ਫਿਰ ਮੈਂ ਦੱਸਿਆ ਕਿ ਮੈਂ ਅਤੇ ਜਮਾਤ ਅਹਮਦੀਆ ਇਹ ਈਮਾਨ ਰੱਖਦੇ ਹਾਂ ਕਿ ਮਸੀਹ ਮਊਦ ਅਹਮਦੀਆਂ ਮੁਸਲਿਮ ਜਮਾਤ ਦੇ ਬਾਨੀ ਦੇ ਰੂਪ ਵਿੱਚ ਆ ਗਏ ਅਤੇ ਆਪਣੇ ਮਨ੍ਹਣ ਵਾਲਿਆਂ ਵਿੱਚ ਹਕੀਕੀ ਇਸਲਾਮ ਦੀ ਸਿੱਖਿਆ ਨੂੰ ਜਾਰੀ ਕਰ ਦਿਤੱਾ । ਇਕ ਜਮਾਤ ਕਾਇਮ ਕਰ ਦਿੱਤੀ ਜੋ ਹਕੀਕੀ ਇਸਲਾਮ ਉੱਪਰ ਅਮਲ ਕਰ ਰਹੀ ਹੈ ਅਕੇ ਕਰਨ ਦੇ ਜਤਨ ਕਰਦੀ ਹੈ । ਮੈਂ ਇਹ ਵੀ ਦੱਸਿਆ ਕਿ ਮਸੀਹ ਮਊਦ ਅਲੈਹਿ ਸਲਾਮ ਜੋ ਇਸਲਾਮ ਦੇ ਪੁਨਰਉਥੱਾਨ ਲਈ ਆਏ, ਉਹਨਾਂ ਨਾਲ ਵੀ ਰੱਬ ਦਾ ਸਮਰਥਨ ਹੈ । ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਨੇ ਸਾਨੂੰ ਇਹ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਰੱਬ ਦੀਆਂ ਗੱਲਾਂ ਕੋਈ ਪੁਰਾਣੇ ਕਿੱਸੇ ਨਹੀਂ ਹਨ, ਸਗੋਂ ਰੱਬ ਅੱਜ ਵੀ ਜੀਉਂਦਾ ਹੈ ਅਤੇ ਆਪਣੇ ਨੇਕ ਬੰਦਿਆਂ ਨਾਲ ਬੋਲਦਾ ਤੇ ਨਿਸ਼ਾਨ ਦਿਖਾਉਂਦਾ ਹੈ । ਸੋ, ਦੁਨੀਆਂ ਇਸ ਵੱਲ ਧਿਆਨ ਦੇਵੇ ਅਤੇ ਆਪਣੀਆਂ ਗ਼ਲਤੀਆਂ ਦਾ ਆਰੋਪ ਰੱਬ ਅਤੇ ਧਰਮ ਨੂੰ ਨ ਦੇਵੇ, ਸਗੋਂ ਆਪਣੇ ਗਰੀਵਾਨ ਵਿੱਚ ਝਾਤੀ ਮਾਰੇ । ਰੱਬ ਦੁਨੀਆਂ ਨੂੰ ਬਲ ਬਖ਼ਸ਼ੇ ਕਿ ਉਹ ਇਸ ਉਪੱਰ ਅਮਲ ਕਰੇ ।

ਹਜ਼ੂਰ ਨੇ ਇਸ ਸਮਾਰੋਹ ਵਿੱਚ ਭਾਗ ਲੈਣ ਵਾਲਿਆਂ ਦੇ ਵਿਚਾਰ ਵੀ ਵਰਨਣ ਕੀਤੇ :

Stein Villumstad ਜੋ ਯੋਰਪੀਅਨ ਕੌਂਸਲ ਫ਼ਾਰ ਰਿਲੀਜਿਯਸ ਲੀਡਰਸ ਦੇ ਜਨਰਲ ਸੈਕ੍ਰੇਟਰੀ ਹਨ, ਨੇ ਕਿਹਾ ਕਿ ਇਸ ਪ੍ਰਕਾਰ ਰੱਲ੍ਹ ਮਿਲਕੇ ਬੈਠਣਾ ਅਤੇ ਵੱਖ ਵੱਖ ਧਰਮਾ ਦੇ ਮਨ੍ਹਣ ਵਾਲਿਆ ਦਾ ਇਕ ਦੂਜੇ ਦੀਆਂ ਗੱਲਾਂ ਨੂੰ ਹੌਂਸਲੇ ਨਾਲ ਸੁਣਨਾ ਅਤੇ ਫ਼ਿਰ ਸਾਰਿਆਂ ਦਾ ਇਹ ਸਵੀਕਾਰ ਕਰਨਾ ਕਿ ਅਸੀਂ ਸਾਰੇ ਅਮਨ ਦੇ ਇਛੁੱਕ ਹਨ ਇਹ ਇਕ ਬਹੁਤ ਵੱਡੀ ਸਫ਼ਲਤਾ ਹੈ । ਫਿਰ ਇੰਗਲੈਂਡ ਵਿੱਚ ਗ੍ਰੇਨਡਾ ਦੇ ਹਾਈ ਕਮਿਸ਼ਨਰ He Joselyn Whiteman ਇਹ ਕਹਿੰਦੇ ਹਨ ਕਿ ਇਹ ਬਹੁਤ ਵੱਧੀਆ ਸਮਾਰੋਹ ਸੀ । ਇਹ ਵਿਚਾਰ ਕਿ ਐਨ੍ਹੇ ਸਾਰੇ ਧਰਮ ਇਕ ਹੀ ਛੱਤ ਹੇਠ ਇਸ ਪ੍ਰਕਾਰ ਇਕਤੱਰ ਹੋ ਸਕਦੇ ਹਨ ਸਾਡੇ ਈਮਾਨ ਵਿੱਚ ਵਾਧੇ ਦਾ ਸਬਬ ਹਨ । ਇਸ ਦਾ ਇਕ ਇਹ ਵੀ ਲਾਭ ਹੈ ਕਿ ਸਾਨੂੰ ਅਨੁਮਾਨ ਹੁੰਦਾ ਹੈ ਕਿ ਅੱਜ ਕੱਲ ਦੁਨੀਆ ਦੇ ਮਸਲਿਆਂ ਦੇ ਹੱਲ ਲਈ ਲੋਕਾਂ ਨੂੰ ਕਿਵੇਂ ਇਕਤੱਰ ਕੀਤਾ ਜਾ ਸਕਦਾ ਹੈ । Mak chishty ਜੋ ਲੰਦਨ ਵਿੱਚ ਮੈਟ੍ਰੋ ਪਾਲੀਟਨ ਪੁਲਿਸ ਵਿੱਚ ਕਮਾਂਡਰ ਹਨ ਕਹਿੰਦੀ ਹਨ ਕਿ ਮੈਂਨੂੰ ਅੱਜ ਦੇ ਸਮਾਰੋਹ ਵਿੱਚ ਇਹ ਗੱਲ ਚੰਗੀ ਲੱਗੀ ਕਿ ਹਰ ਕਿਸੇ ਨੇ ਆਪਣੇ ਧਰਮ ਦੀਆਂ ਖ਼ੂਬੀਆਂ ਵਰਨਣ ਕੀਤੀਆ । ਦੂਜੇ ਧਰਮਾਂ ਉਪੱਰ ਕਿੰਤੂ ਪ੍ਰੰਤੂ ਨਹੀਂ ਕੀਤਾ । ਇਸੇ ਕਰਕੇ ਸਾਡੇ ਵਿੱਚ ਆਪੋ ਵਿੱਚ ਮਿਲਵਰਤਨ ਤੇ ਸਨੇਹ ਅਹਿਸਾਸ ਪੈਦਾ ਹੁੰਦਾਹੈ ।

ਇਹੋ ਗੱਲ ਹੈ ਕਿ ਜਿਸ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਰਨ ਲਈ ਮਲਕਾ ਨੂੰ ਲਿੱਖਿਆ ਵੀ ਸੀ ਕਿ ਹੋਣਾ ਵੀ ਚਾਹੀਦਾ ਹੈ ।

ਫਿਰ ਯੋਰਪੀਅਨ ਪਾਰਲੀਮੈਂਟ ਵਿੱਚ ਜੋ ਲੰਦਨ ਦੇ ਨਪ੍ਰਮਾਇੰਦੇ ਹਨ Dr.Charles Tannock MEP ਉਹ ਕਹਿੰਦੇ ਹਨ ਕਿ ਭਵਿੱਖ ਵਿੱਚ ਇਸ ਮਾਰਗ ਨੂੰ ਅਪਨਾਉਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ । ਅਸੀਂ ਸਾਰੇ ਰੱਬ ਉਪੱਰ ਵਿਸ਼ਵਾਸ ਰੱਖਦੇ ਹਾਂ, ਅਸੀਂ ਇਹ ਨਹੀਂ ਮੰਨ੍ਹ ਸਕਦੇ ਕਿ ਰੱਬ ਇਹ ਚਾਹੁੰਦਾ ਹੈ ਕਿ ਅਸੀਂ ਧਰਮ ਦੇ ਨਾਂ'ਤੇ ਇਕ ਦੂਜੇ ਨਾਲ ਇਉਂ ਲੜਦੇ ਜਾਈਏ। ਇਸ ਲਈ ਮੈਂ ਅਮਨ ਦੇ ਇਸ ਸੰਦੇਸ਼ ਦਾ ਪੁਰ ਜ਼ੋਰ ਸਮਰਥਨ ਕਰਦਾ ਹਾਂ । ਅਹਮਦੀਆਂ ਬਾਰੇ ਜਿਸ ਗੱਲ ਨੂੰ ਮੈਂ ਯੋਗ ਸਮਝਦਾ ਹਾਂ ਉਹ ਇਹ ਹੈ ਕਿ ਉਹਨਾਂ ਦੇ ਧਰਮ ਦੀ ਸਿੱਖਿਆਵਾਂ ਦਾ ਕੇਂਦਰ,

"ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ" ਹੈ । ਮੇਰੇ ਵਿਚਾਰ ਅਨੁਸਾਰ ਇਹ ਇਕ ਵਿਸ਼ਵਵਿਆਪੀ ਸੰਦੇਸ਼ ਹੈ । ਜਿੰਨ੍ਹੇ ਵੱਖ ਵੱਖ ਧਰਮ ਰਲ ਮਿਲ ਬੈਠ ਸਕਣ ਉਹਨਾਂ ਹੀ ਬਿਹਤਰ ਹੈ ।

Baroness Berridge ਜੋ ਇੰਗਲੈਂਡ ਦੀ ਪਾਰਲੀਮੈਂਟ ਦੀ ਆਲ ਪਾਰਟੀ ਪਾਰਲੀਮੈਂਟ੍ਰੀ ਗਰੁਪ APPG ਆਨ ਇੰਟਰ ਨੈਸ਼ਨਲ ਫ਼੍ਰੀਡਮ ਆਫ਼ ਰਿਲੀਜੀਯਨ ਦੀ ਚੇਅਰ ਪਰਸਨ ਹਨ, ਉਹ ਕਹਿੰਦੀ ਹਨ । ਮੈਨੂੰ ਆਲ ਪਾਰਟੀ ਗੁਰੁਪ ਬਰਾਏ ਧਾਰਮਕ ਆਜ਼ਾਦੀ ਦੀ ਚੇਅਰਮੈਨ ਹੋਣ ਦਾ ਮਾਣ ਪ੍ਰਾਪਤ ਹੈ । ਮੈਂ ਜਾਣਦੀ ਹਾਂ ਕਿ ਅਹਮਦੀਆ ਕਮਿਯੁਨਿਟੀ ਕਿਵੇਂ ਦੂਜਿਆਂ ਦੀ ਪ੍ਰਗਤੀ ਤੇ ਸਫ਼ਲਤਾ ਲਈ ਸੇਵਾ ਕਰਦੀ ਜਾ ਰਹੀ ਹੈ ਅਤੇ ਇਹ ਗੱਲ ਇਮਾਮ ਜਮਾਤ ਅਹਮਦੀਆ ਨੇ ਆਪਣੇ ਭਾਸ਼ਣ ਵਿੱਚ ਵੀ ਕੀਤੀ । ਸਾਨੂੰ ਬਹੁਤ ਖ਼ੁਸ਼ੀ ਹੈ ਕਿ ਅਸੀਂ ਅਹਮਦੀਆ ਕਮਿਯੁਨਿਟੀ ਨਾਲ ਓਹਨਾਂ ਦੇ ਕੰਮਾ ਵਿੱਚ ਸਹਿਯੋਗ ਕਰਦੇ ਹਾਂ । ਸਾਨੂੰ ਇਸ ਗੱਲ ਵਿੱਚ ਵੀ ਖ਼ੁਸੀ ਹੈ ਕਿ ਅਹਮਦੀਆ ਨੂੰ ਇਸ ਦੇਸ਼ ਵਿੱਚ ਪੂਰਨ ਆਜ਼ਾਦੀ ਪ੍ਰਾਪਤ ਹੈ ।

ਫਿਰ Kay Carter ਜੋ ਇੰਗਲੈਂਡ ਦੀ ਪਾਰਲੀਮੈਂਟ ਦੇ ਆਲ ਪਾਰਟੀ ਪਾਰਲੀਮੈਂਟ੍ਰੀ ਗੁਰੁਪ APPG ਆਨ ਇੰਟਰਨੈਸ਼ਨਲ ਫ਼੍ਰੀਡਮ ਆਫ਼ ਰਿਲੀਜੀਯਨ ਦੇ ਮੈਂਬਰ ਹਨ, ਕਹਿੰਦੇ ਹਨ ਕਿ :

ਇਮਾਮ ਜਮਾਤ ਅਹਮਦੀਆ ਨੇ ਜੋ ਕਿਹਾ ਸਾਰੇ ਧਰਮਾ ਵਿੱਚ ਮੁਢੱਲੀ ਗੱਲ ਇਕ ਹੀ ਦਿੱਖਦੀ ਹੈ, ਅਰਥਾਤ ਸਨੇਹ, ਮਿਲਵਰਤਨ ਅਤੇ ਅਮਨ । ਦਰਅਸਲ ਮੀਡੀਆ ਵਿੱਚ ਧਰਮ ਨੂੰ ਇਕ ਅਜਿਹੀ ਚੀਜ਼ ਬਣ ਕੇ ਪੇਸ਼ ਕੀਤਾ ਗਿਆ ਹੈ ਜੋ ਮਨੁੱਖਾਂ ਨੂੰ ਇਕ ਦੂਜੇ ਨਾਲ ਲੜਉਂਣ ਦੇ ਸਬਬ ਪੈਦਾ ਕਰ ਰਿਹਾ ਹੈ, ਪਰ ਜਿਵੇਂ ਕਿ ਅੱਜ ਦੇ ਇਸ ਸਮਾਰੋਹ ਵਿੱਚ ਅਸੀਂ ਦੇਖਿਆ ਕਿ ਹਕੀਕਤ ਇਸਦੇ ਬਿਲਕੁਲ ਵਿਪਰੀਤ ਹੈ ।

ਫਿਰ ਇਹੋ ਚੀਫ਼ ਸਨ, ਉਹਨਾਂ ਦੀ ਦੁਬਾਰਾ ਚਿੱਠੀ, ਇਕ ਸੰਦੇਸ਼ ਸੀ ਕਿ ਇਮਾਮ ਜਮਾਤ ਅਹਮਦੀਆ ਦਾ ਸੰਦੇਸ਼ ਅਮਨ ਅਤੇ ਇਕ ਦੂਜੇ ਨੂੰ ਸਮਝਣ ਬਾਰੇ ਹੈ । ਭਾਵ ਇਹ ਕਿ ਦੁਨੀਆ ਦੇ ਸਾਰੇ ਧਰਮਾ ਨੂੰ ਇਕ ਦੂਜੇ ਨਾਲ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ । ਕਿਉ ਕਿ ਅਸੀਂ ਸਾਰੇ ਆਦਮ ਦੀ ਨਸਲ ਹਨ ਅਤੇ ਰੱਬ ਦੀ ਮਖ਼ਲੂਕ ਹਨ । ਕਹਿੰਦੇ ਹਨ ਕਿ ਸਾਨੂੰ ਇਕ ਦੂਜੇ ਦੀਆਂ ਭਾਵਨਾਵਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਅਮਨ ਨਾਲ ਰੱਲ-ਮਿਲਕੇ ਰਿਹਣਾ ਚਾਹੀਦਾ ਹੈ । ਨ ਇਹ ਕਿ ਅਸੀ ਇਕ ਦੂਜੇ ਨਾਲ ਝਗੜਨ ਲੱਗ ਜਾਈਏ, ਸਗੋਂ ਜਿੱਥੋਂ ਤੱਕ ਸੰਭਵ ਹੋ ਸਕੇ ਸਾਨੂੰ ਅਮਨ ਲਈ ਜਤਨ ਕਰਨਾ ਹੈ ।

ਇਹ ਚਾਹੀਦਾ ਹੈ ਕਿ ਉਹਨਾਂ ਨੂੰ ਆਪਣੇ, ਸੰਬੰਧੀ ਹਨ, ਇਸਰਾਈਲ ਨੂੰ ਵੀ ਦਸੱਣ ਜਿਵੇਂ ਕਿ ਪਹਿਲਾਂ ਵੀ ਮੈਂ ਕਿਹਾ,

ਫਿਰ ਕੌਂਸਲਰ ਹਨ ਸੰਤੋਖ ਸਿੰਘ ਸਾਹਬ, ਕਹਿੰਦੇ ਹਨ ਕਿ,

ਮੇਰਾ ਵਿਚਾਰ ਹੈ ਕਿ ਇਮਾਮ ਜਮਾਤ ਅਹਮਦੀਆ ਸਾਨੂੰ ਇਹ ਗੱਲ ਸਕਝਾ ਰਹੇ ਹਨ ਕਿ ਸਾਰਿਆਂ ਧਰਮਾਂ ਵਿੱਚ ਬਹੁਤ ਸਾਰੀਆਂ ਸਿੱਖਿਆਵਾਂ ਸਾਂਝੀਆਂ ਹਨ । ਸਾਰੇ ਵਿਸ਼ਵਵਿਆਪੀ ਧਰਮ ਸਾਨੂੰ ਮਾਨਵਤਾ ਦਾ ਪਾਠ ਸਿਖਾਉਂਦੇ ਹਨ । ਸਾਨੂੰ ਰਲ-ਮਿਲਕੇ ਕੰਮ ਕਰਨਾ ਚਾਹੀਦਾ ਹੈ ਅਤੇ ਇਕ ਦੂਜੇ ਦਾ ਭਲਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਫਿਰ ਨਾਰਵੇਂ ਤੋਂ ਉਹਨਾਂ ਦੀ ਇਕ ਰਰਾਜਨੀਤਿਕ ਪਾਰਟੀ Billy Tranger, Christian Republic ਹਨ, ਉਹ ਕਹਿੰਦੇ ਹਨ ਕਿ ਇਮਾਮ ਜਮਾਤ ਅਹਮਦੀਆ ਨੇ ਆਪਣੇ ਭਾਸ਼ਣ ਦੇ ਅੰਤ ਵਿੱਚ ਇਕ ਬਹੁਤ ਹੀ ਮਹਤੱਵਪੂਰਨ ਸੰਦੇਸ਼ ਦਿੱਤਾ ਹੈ ਕਿ ਅਸੀਂ ਸਾਰਿਆਂ ਨੂੰ ਮਿਲਕੇ ਅਮਨ ਦੀ ਸਥਾਪਨਾ ਲਈ ਕੰਮ ਕਰਨਾ ਚਾਹੀਦਾ ਹੈ । ਮੇਰਾ ਵਿਚਾਰ ਹੈ ਕਿ ਇਹੋ ਉਹ ਕਾਰਜ ਹੈ ਜਿਸ ਦੀ ਇਸ ਦੁਨੀਆਂ ਨੂੰ ਇਸ ਸਮੇਂ ਸਭ ਤੋਂ ਵੱਧ ਲੋੜ ਹੈ । ਇਸ ਸੰਦੇਸ਼ ਦੀ ਸਾਨੂੰ ਨਾਰਵੇ ਵਿੱਚ ਵੀ ਬਹੁਤ ਜ਼ਰੂਰਤ ਹੈ ।

ਯੂਨੀਵਰਸਿਟੀ ਆਫ਼ ਐਮਸਟਰਡਮ ਦੇ ਪ੍ਰੋਫ਼ੈਸਰ Prof. Dr. T. Sunier ਨੇ ਕਿਹਾ ਕਿ :

ਇਮਾਮ ਜਮਾਤ ਅਹਮਦੀਆ ਨੇ ਬਹੁਤ ਸਪਸ਼ਟ ਸਬਦਾਂ ਵਿੱਚ ਇਹ ਸਾਬਤ ਕੀਤਾ ਹੈ ਕਿ ਇਸਲਾਮ ਅਤੇ ਕੁਰਆਨ ਦੀਆਂ ਸਿੱਖਿਆਵਾਂ ਤਸ਼ਦੁੱਦ (ਜਬਰ) ਦੀ ਥਾਂ ਅਮਨ ਦੀ ਸਥਾਪਨਾ ਉਪੱਰ ਜ਼ੋਰ ਦਿੰਦੀਆਂ ਹਨ । ਫਿਰ Greek Orthodox Patriarch of Antioch ਨਾਲ ਸੰਬੰਧ ਰੱਖਣ ਵਾਲੇ Father Ethelwine ਨੇ ਕਿਹਾ ਕਿ ਮੈਂ ਅਹਮਦੀਆ ਮੁਸਲਿਮ ਜਮਾਤ ਦੇ ਵੱਖ ਵੱਖ ਸਮਾਰੋਹਾਂ ਵਿੱਚ ਭਾਗ ਲਿਆ ਹੈ, ਇਮਾਮ ਜਮਾਤ ਦੇ ਵਿਅਕਤੀਤਵ ਅਤੇ ਉਹਨਾਂ ਦੇ ਸੰਦੇਸ਼ ਦੀ ਮਨ ਨਾਲ ਸਰਾਹਨਾ ਕਰਦਾ ਹਾਂ । ਹਮੇਸ਼ਾ ਵਾਂਗ ਇਸ ਕਾਨਫ਼੍ਰੰਸ ਦਾ ਸਭ ਤੋਂ ਉਤੱਮ ਭਾਸ਼ਣ ਜਮਾਤ ਦੇ ਖ਼ਲੀਫ਼ਾ ਸਾਹਬ ਦਾ ਸੀ । ਅਵਸ਼ ਹੀ ਵੱਖ ਵੱਖ ਧਰਮਾ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਨੂੰ ਇਕਤੱਰ ਕਰ ਦੇਣਾ ਅਤੇ ਉਹਨਾਂ ਤੋਂ ਉਹਨਾਂ ਦੇ ਧਰਮ ਦੀਆਂ ਗੱਲਾਂ ਸੁਣਨਾ ਇਕ ਬਹੁਤ ਹੀ ਜੁਰੱਤ ਵਾਲੀ ਤੇ ਸਨਮਾਨ ਯੋਗ ਗੱਲ ਹੈ। ਇਹ ਇਕ ਬਹੁਤ ਵੱਡੀ ਸਫ਼ਲਤਾ ਹੈ।

ਆਇਰਲੈਂਡ ਤੋਂ ਇਕ ਸਾਹਬ ਆਏ ਹੋਏ ਸਨ, ਉਹ ਕਹਿੰਦੇ ਹਨ ਕਿ ਮੈਂ ਇਸ ਕਾਨਫ਼੍ਰੰਸ ਵਿੱਚ ਭਾਗ ਲਿਆ ਅਤੇ ਇੱਥੇ ਜੋ ਸੰਦੇਸ਼ ਮੈਂਨੂੰ ਮਿਲਿਆ ਹੈ ਉਸਨੇ ਮੈਂਨੂੰ ਹਿਲਾ ਕੇ ਰੱਖ ਦਿੱਤਾ ਹੈ । ਮੈਂ ਅਹਮਦੀਆਂ ਨੂੰ ਇਹ ਕਹਾਂਗਾ ਕਿ ਅੱਜ ਕੱਲ ਦੁਨੀਆ ਵਿੱਚ ਪਬਲੀਸਿਟੀ ਤੋਂ ਬਿਨਾ ਆਪਣੇ ਸੰਦੇਸ਼ ਨੂੰ ਫ਼ੈਲਾਉਂਣਾ ਬਹੁਤ ਕਠਿਨ ਹੈ । ਜਮਾਤ ਅਹਮਦੀਆ ਐਨ੍ਹੇ ਕੰਮ ਕਰ ਰਹੀ ਹੈ, ਪਰ ਮੈਂਨੂੰ ਖ਼ੁਸ਼ੀ ਹੋਵੇਗੀ ਜੇਕਰ ਆਪ ਲੋਕ ਆਪਣੇ ਕਾਰਜਾਂ ਦੀ ਪ੍ਰਸਿੱਧੀ ਚੰਗੇ ਢੰਗਾ ਨਾਲ ਕਰ ਸਕਣ ਕਿਉਂਕਿ ਆਪ ਲੋਕਾਂ ਬਾਰੇ ਦੁਨੀਆਂ ਵਿੱਚ ਮੁੱਠੀ ਭਰ ਲੋਕ ਹੀ ਜਾਨਕਾਰੀ ਰੱਖਦੇ ਹਨ ।

ਜਹਾਂਗੀਰ ਸਾਰੂ ਸਾਹਬ ਜੋ ਯੂਰੋਪੀਅਨ ਕੌਂਸਲ ਆਫ਼ ਰਿਲੀਜੀਯਸ ਲੀਡਰਸ ਨਾਲ ਸੰਬੰਧ ਰੱਖਦੇ ਹਨ ਕਹਿੰਦੇ ਹਨ ਕਿ :

ਮੈਂ ਧਾਰਮਕ ਤੌਰ'ਤੇ ਜ਼ਰਤਸ਼ਤੀ ਹਾਂ । ਮੈਂ ਇਸ ਸਮਾਰੋਹ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ । ਸਾਰਿਆਂ ਪ੍ਰਵਕਤਾਵਾਂ ਨੇ ਬਹੁਤ ਚੰਗੇ ਭਾਸ਼ਣ ਦਿੱਤੇ ਪਰ ਅੰਤ ਵਿੱਚ ਇਮਾਮ ਜਮਾਤ ਅਹਮਦੀਆ ਦਾ ਸੰਬੋਧਨ ਤਾਂ ਬਹੁਤ ਹੀ ਗਿਆਨ ਭਰਪੂਰ ਸੀ ।

ਫਿਰ ਰਾਬਨ ਹਸੀ ਜੋ ਧਾਰਮਕ ਸਿੱਖਿਆ ਦੇ ਅਧਿਆਪਕ ਹਨ ਕਹਿੰਦੇ ਹਨ :

ਇਸ ਕਦਰ ਰੂਹਾਨੀਯਤ ਨਾਲ ਭਰਿਆ ਹੋਇਆ ਇਹ ਸਮਾਰੋਹ ਹੋਵੇਗਾ ਮੈਂਨੂੰ ਨਹੀਂ ਪਤਾ ਸੀ । ਮੈਂ ਅਨੇਕਾਂ ਧਰਮਾ ਦੇ ਸੰਦੇਸ਼ ਸੁਣੇ ਅਤੇ ਮੈਂ ਅਵਸ਼ ਹੀ ਘਰ ਜਾਕੇ ਇਹਨਾਂ ਗੱਲਾਂ ਉਪੱਰ ਗ਼ੌਰ ਕਰਾਂਗਾ । ਮੈਂ ਆਸ ਕਰਦਾ ਹਾਂ ਕਿ ਇਮਾਮ ਜਮਾਤ ਅਹਮਦੀਆ ਦੇ ਭਾਸ਼ਣ ਦਾ ਮੂਲ ਛੇਤੀ ਹੀ ਪ੍ਰਕਾਸ਼ਤ ਕੀਤਾ ਜਾਵੇਗਾ ।

ਫਿਰ Canon Dr. Cane ਜਿੰਨ੍ਹਾ ਦਾ ਇਹ ਵੀ ਕਿਸੇ ਕੈਥੀਡਰਲਨਾਲ ਸੰਬੰਧ ਹੈ, ਉਹ ਕਹਿੰਦੇ ਹਨ :

ਕੁਝ ਸਮਾਂ ਪਹਿਲਾਂ ਲੋਕ ਇਹ ਸਮਝਣ ਲੱਗ ਗਏ ਸਨ ਕਿ ਸਾਨੂੰ ਧਰਮ ਦੀ ਲੋੜ ਨਹੀਂ । ਮੇਰਾਂ ਵਿਚਾਰ ਹੈ ਕਿ ਇਹ ਗੱਲ ਪੱਕੇ ਤੌਰ'ਤੇ ਸਾਬਤ ਹੋ ਚੁਕੀ ਹੈ ਕਿ ਇਹ ਗੱਲ ਉਕੱਾ ਨਿਰਾਧਾਰ ਹੈ ।

ਞਫ਼ਰ ਬੈਲਜੀਯਮ, ਇਹ ਉਹਨਾਂ ਦੀ ਯੂਨੀਵਰਸਿਟੀ Anwerpen ਤੋਂ Dr. Lydia ਨੇ ਕਿਹਾ, ਇਹ ਦੋ ਡਾਕਟਰ ਸ਼ਾਮਲ ਹੋਏ ਸਨ, ਦੋ ਪ੍ਰੋਫ਼ੈਸਰ ਕਿ ਉਹਨਾਂ ਦੋਹਾਂ ਨੇ ਕਿਹਾ ਕਿ ਇਸਲਾਮ ਅਤੇ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲੱਮ ਦੀ ਵਾਸਤਵਿਕ ਸਿੱਖਿਆ ਦੇ ਹਵਾਲੇ ਰਾਹੀਂ ਇਮਾਮ ਜਮਾਤ ਅਹਮਦੀਆ ਦੇ ਭਾਸ਼ਣ ਤੋਂ ਉਹ ਬਹੁਤ ਹੀ ਪ੍ਰਭਾਵਤ ਹੋਏ ਹਨ । ਭਾਸ਼ਣ ਸੁਣਨ ਦੇ ਬਾਦ ਅਸੀਂ ਫ਼ੈਸਲਾ ਕੀਤਾ ਹੈ ਕਿ ਅਸੀਂ ਯੂਨੀਵਰਸਿਟੀ ਵਿੱਚ ਆਪਣੇ ਵਿਦਿਆਰਥੀਆਂ ਨੂੰ ਕੁਰਆਨ ਕਰੀਮ ਦਾ 'ਫ਼ਲੇਮਸ਼' ਅਨੁਵਾਦ ਦਿਆਂਗੇ ਤਾਂ ਜੋ ਉਹ ਕੁਰਆਨ ਕਰੀਮ ਨੂੰ ਪੜ੍ਹ ਕੇ ਇਸਲਾਮ ਦੀ ਹਕੀਕੀ ਸਿੱਖਿਆ ਦੀ ਜਾਨਕਾਰੀ ਲੈ ਸਕਣ । ਵਾਪਸ ਜਾਕੇ ਉਹਨਾਂ ਨੂੰ ਓਥੇ ਅਨੁਵਾਦ ਦੇ ਦਿੱਤਾ ਗਿਆ ਹੈ ਜੋ ਆਪਣੀ

ਯੂਨੀਵਰਸਿਟੀ ਵਿੱਚ ਵੰਡ ਵੀ ਰਹੇ ਹਨ । ਇਸ ਰਾਹੀਂ ਰੱਬ ਦੀ ਅਪਾਰ ਕ੍ਰਿਪਾ ਨਾਲ ਪ੍ਰਚਾਰ ਦੇ ਵਧੇਰੇ ਮਾਰਗ ਵੀ ਖੁੱਲੇ ਹਨ ।

Santiago Catala Rubio (ਸੰਤਿਆਗੋ ਕਤਾਲਾ ਰੂਬੀਓ) ਸਾਹਬ ਸਪੇਨ ਤੋਂ ਆਏ ਸਨ ਅਤੇ ਮੈਡਰਿਡ ਯੂਨੀਵਰਸਿਟੀ ਵਿੱਚ ਰਿਲੀਜੀਯਨਜ਼ ਦੇ ਪਔਫ਼ੈਸਰ ਹਨ । ਕਈ ਕਿਤਾਬਾਂ ਦੇ ਲੇਖਕ ਵੀ ਹਨ । ਜਮਾਤ ਨਾਲ ਉਹਨਾ ਦੇ ਨੇੜਲੇ ਸੰਬੰਧ ਹਨ । 2012 ਈ. ਵਿੱਚ ਯੂਰਪੀਅਨ ਪਾਰਲੀਮੈਂਟ ਵਿੱਚ ਜੋ ਸਮਾਰੋਹ ਹੋਇਆ ਸੀ, ਉੱਥੇ ਵੀ ਆਏ ਸਨ ਅਤੇ ਮੈਂਨੂੰ ਮਿਲੇ ਸਨ, ਕਹਿੰਦੇ ਹਨ :

ਜੇਕਰ ਵਿਸ਼ਵ ਵਿਆਪੀ ਧਰਮਾਂ ਦੀ ਇਸ ਕਾਨਫ਼੍ਰੰਸ ਬਾਰੇ ਆਪਣੇ ਵਿਚਾਰਾਂ ਤੇ ਜਜ਼ਬਿਆਂ ਦਾ ਪ੍ਰਗਟਾਵਾ ਕਰਨ ਲੱਗਾਂ ਤਾਂ ਇਸ ਕਾਨਫ਼੍ਰੰਸ ਦੀ ਮਹਤੱਤਾ ਅਤੇ ਮੁਸਲਿਮ ਜਮਾਤ ਅਹਮਦੀਆ ਦੇ ਸੰਦੇਸ਼ ਦੀ ਮਹਤੱਾ ਨੂੰ ਬਿਆਨ ਕਰਨ ਵਿੱਚ ਅਨੇਕਾਂ ਹੀ ਪੰਨ੍ਹੇ ਭਰ ਜਾਣ । ਦੁਨੀਆਂ ਦੇ ਇਤਿਹਾਸ ਵਿੱਚ ਵੱਖ ਵੱਖ ਧਰਮ ਮਤਿਭੇਦ ਤੇ ਖਿੱਚ-ਧੂਹ ਦਾ ਸਬਬ ਰਹੇ ਹਨ । ਇੱਥੋਂ ਤੱਕ ਕਿ ਅੱਜ ਦੇ ਯੁੱਗ ਵਿੱਚ ਵੀ ਵੱਖ ਵੱਖ ਕਲਚਰਾਂ, ਪੂਰਬ ਤੇ ਪਛੱਮ, ਇਸਲਾਮ ਤੇ ਈਸਾਈਯਤ ਅਤੇ ਪ੍ਰਗਤੀਸ਼ੀਲ ਤੇ ਪ੍ਰਗਤੀ ਕਰ ਰਹੇ ਦੇਸ਼ਾਂ ਵਿਚੱਕਾਰ ਮਤਿਭੇਦ ਮੌਜੂਦ ਹੈ । ਇਹ ਮਤਿਭੇਦ ਨਫ਼ਰਤ ਤੇ ਜ਼ੁਲਮ ਵਿੱਚ ਵਧੀਕੀ ਨੂੰ ਹਵਾ ਦੇਣ ਲਈ ਬਹਾਨੇ ਵੱਜੋਂ ਪੇਸ਼ ਕੀਤਾ ਜਾ ਸਕਦਾ ਹੈ । ਪਰ ਅਹਮਦੀਆ ਮੁਸਲਿਮ ਜਮਾਤ ਦਾ ਨਾਰਾ 'ਪ੍ਰੇਮ ਸਾਰਿਆਂ ਲਈ, ਨਫ਼ਰਤ ਕਿਸੇ ਤੋਂ ਨਹੀਂ' ਸਰਿਆਂ ਧਰਮਾ ਦਾ ਸਾਰ ਹੈ । ਇਹ ਨਾਰਾ ਦੁਨੀਆ ਦੇ ਸਾਰੇ ਧਰਮ ਅਤੇ ਸਾਰਿਆਂ ਲੋਕਾਂ ਨੂੰ ਉਹਨਾਂ ਦੀਆਂ ਆਸਥਾਵਾਂ, ਹਾਲਾਤ ਅਤੇ ਚਿੰਤਾਵਾਂ ਤੋਂ ਉਪੱਰ ਉੱਠ ਕੇ ਇਕ ਕਰ ਦਿੰਦਾ ਹੈ । ਇਕ ਅਜਿਹੇ ਸਮੇਂ ਵਿੱਚ ਜੱਦ ਮੁਸਲਮਾਨਾ ਦਾ ਇਕ ਵਿਸ਼ੇਸ਼ ਤਬਕਾ ਲੜਾਈ, ਨਫ਼ਰਤ, ਜ਼ੁਲਮ ਅਤੇ ਦੂਜਿਆਂ ਦੇ ਤੇ ਆਪਣੇ ਜੀਵਨ ਨੂੰ ਖ਼ਤਰੇ ਵਿੱਚ ਪਾਉਂਣ ਤੇ ਆਪਣੇ ਹੀ ਲੋਕਾਂ ਉਪੱਰ ਹਮਲਾ ਕਰਨ ਦੀ ਹਾਮੀ ਭਰ ਰਿਹਾ ਹੈ । ਜਮਾਤ ਅਹਮਦੀਆ ਦਾ ਕਿਰਦਾਰ ਅਤਿਅੰਤ ਮਹਤੱਵਪੂਰਨ ਹੈ । ਇਸ ਲਈ ਇਸ ਪ੍ਰਕਾਰ ਦੇ ਸਮਾਰੋਹਾਂ ਨੂੰ ਅੰਤਰ ਰਾਸਟਰੀ ਪੱਧੱਰ'ਤੇ ਧਾਰਮਕ ਤੇ ਚਿੰਤਨ ਕਮਿਯੂਨਿਟੀਜ਼ ਵੱਲੋਂ ਭਰਪੂਰ ਸਮਰਥਨ ਮਿਲਣਾ ਚਾਹੀਦਾ ਹੈ ।

ਮੀਗਲ ਗਾਰਸੀਆ (Miguel Garcia) ਇਹ ਪੈਦਰੋਬਾਦ ਦੇ ਹਨ, ਇਹ ਵੀ ਕਾਨਫ਼੍ਰੰਸ ਵਿੱਚ ਸ਼ਾਮਲ ਹੋਏ ਸਨ । ਇਹ ਮੇਅਰ ਵੀ ਰਹਿ ਚੁਕੇ ਹਨ ਅਤੇ ਉਹਨਾਂ ਨੇ ਆਪਣੇ ਕਾਲ ਵਿੱਚ ਉਸ ਸਮੇਂ ਚਰਚ ਦੀ ਵਿਰੋਧਤਾ ਦੇ ਹੁੰਦਿਆ ਹੋਇਆਂ ਵੀ 1980 ਈ. ਵਿੱਚ ਮਸਜਿਦ ਬਸ਼ਾਰਤ ਬਨਾਉਂਣ ਦੀ ਆਗਿਆ ਦਿੱਤੀ ਸੀ । ਮਸਜਿਦ ਬਸ਼ਾਰਤ ਦੇ ਉਦਘਾਟਨ ਸਮੇਂ ਹਜ਼ਰਤ ਖ਼ਲੀਫ਼ਤੁਲ ਮਸੀਹ ਰਾਬੇ ਨੂੰ ਵੀ ਮਲਿ ਸਨ । ਉਹਨਾਂ ਨੇ ਉਹਨਾਂ ਨੂੰ ਇਕ ਫ਼੍ਰੇਮ ਤੋਹਫ਼ੇ ਵੱਜੋਂ ਦਿੱਤਾ, ਜਿਸ ਉਪੱਰ ਕਲਮਾ ਲਿੱਖਿਆ ਹੋਇਆ ਸੀ ਉਹ ਉਹਨਾਂ ਨੇ ਆਪਣੇ ਦਫ਼ਤਰ ਵਿੱਚ ਵੀ ਲਾਇਆ ਹੋਇਆ ਹੈ । ਜਮਾਤ ਤੋਂ ਵਾਹਵਾ ਪ੍ਰਭਾਵਤ ਹਨ, ਕਹਿੰਦੇ ਹਨ ਕਿ :

ਮੁਸਲਿਮ ਜਮਾਤ ਅਹਮਦੀਆ ਵੱਲੋਂ ਵੱਖ ਵੱਖ ਧਰਮਾ ਨਾਲ ਸੰਬੰਧ ਰੱਖਣ ਵਾਲੇ ਜੱਥੇ, ਮੈਂਬਰਸ ਆਫ਼ ਪਾਰਲੀਮੈਂਟ, ਰਾਜਨੀਤਿਕ ਵਿਅਕਤੀ, ਬੁੱਧੀ ਜੀਵੀ ਅਤੇ ਵੱਖ ਵੱਖ ਮਾਨਵ ਕਲਿਆਣ ਸੁਸਾਇਟੀਆਂ ਨਾਲ ਸੰਬੰਧ ਰੱਖਣ ਵਾਲੇ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਲੰਦਨ ਵਿੱਚ ਇਕਤੱਰ ਕੀਤਾ ਗਿਆ ਤਾਂ ਜੋ ਉਹ ਏਕਤਾ ਤੇ ਅਮਨ ਦੀ ਸਥਾਪਨਾ ਲਈ ਡਾਇਲਾਗ ਦੀ ਲੋੜ ਉਪੱਰ ਵਿਚਾਰ ਕਰਨ । ਇਹ ਅਤਿਅੰਤ ਧਨਾਤਮਕ ਕਦਮ ਸੀ । ਮੈਂ ਜਮਾਤ ਅਹਮਦੀਆ ਨੂੰ ਇਸ ਸਮਾਰੋਹ ਦੇ ਆਯੋਜਨ'ਤੇ ਮੁਬਾਰਕਬਾਦ ਪੇਸ਼ ਕਰਦਾ ਹਾਂ। ਅਤੇ ਮੇਰੀ ਇਛਾ ਹੈ ਕਿ ਇਹ ਜਮਾਤ ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਵੇ ।

ਵੱਡੇ ਸਨਮਾਨ ਦੀ ਗੱਲ ਹੈ ਕਿ ਮੈਂਨੂੰ ਜਮਾਤ ਅਹਮਦੀਆ ਦੇ ਤੀਜੇ ਖ਼ਲੀਫ਼ਾ ਸਾਹਬ ਨਾਲ ਪੈਦਰੋਬਾਦ ਵਿੱਚ ਮਸਜਿਦ ਬਸ਼ਾਰਤ ਦੇ ਨੀਂਹ ਪੱਥਰ ਰੱਖਣ ਸਮੇਂ 1981 ਈ. ਵਿੱਚ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ । ਇਸ ਮਗਰੋਂ

ਚੌਥੇ ਖ਼ਲੀਫ਼ਾ ਸਾਹਬ ਨਾਲ ਇਸੇ ਮਸਜਿਦ ਦੇ ਉਦਘਾਟਨ ਸਮੇਂ 1982 ਈ. ਵਿੱਚ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ । ਹੁਣ ਇਸ ਕਾਨਫ਼੍ਰੰਸ ਰਾਹੀਂ ਮੈਂ ਜਮਾਤ ਅਹਮਦੀਅ ਦੇ ਪੰਜਵੇਂ ਖ਼ਲੀਫ਼ਾ ਸਾਹਬ ਨੂੰ ਮਿਲਣ ਦਾ ਵੀ ਸੁਭਾਗ ਪ੍ਰਾਪਤ ਹੋ ਗਿਆ ਹੈ ।

ਮੈਂ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦੇ ਸ਼ਬਦਾਂ ਰਾਹੀਂ ਬਹੁਤ ਪ੍ਰਭਾਵਤ ਹੋਇਆ ਹਾਂ । ਉਹਨਾਂ ਨੇ ਝਗੜੇ ਫ਼ਸਾਦਾਂ ਤੋਂ ਮੁਕਤ ਇਕ ਸ਼ਾਂਤੀ ਭਰਪੂਰ ਸਮਾਜ ਦੀ ਸਥਾਪਨਾ ਦੇ ਹਵਾਲੇ ਨਾਲ ਗੱਲ ਕੀਤੀ ਹੈ । ਅਤੇ ਉਹਨਾਂ ਹਕੂਮਤਾਂ ਦਾ ਖੰਡਨ ਕੀਤਾ ਹੈ ਜੋ ਆਤਮ ਰੱਖਿਆ ਦੇ ਨਾਂ'ਤੇ ਅਸਲੇ (ਹੱਥਿਆਰਾਂ) ਨੂੰ ਮਾਨਵਤਾ ਉਪੱਰ ਪਹਿਲ ਦਿੰਦੇ ਹਨ । ਮੈਨੂੰ ਖ਼ੁਸ਼ੀ ਹੈ ਕਿ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਇਕ ਅਜਿਹੇ ਸਮਾਜ ਦੀ ਸਥਾਪਨਾ ਲਈ ਜਿਸ ਦੀ ਨੀਂਹ ਨਿਆਏ ਅਤੇ ਆਪਸੀ ਸਨਮਾਨ ਉਪੱਰ ਹੋਵੇ, ਵੱਖ ਵੱਖ ਧਰਮਾ ਦੇ ਲੋਕਾਂ ਨੂੰ ਇਕ ਥਾਂ ਇਕਤੱਰ ਕਰਨ ਦਾ ਸੱਦਾ ਦਿਤੱਾ ਹੈ ।

ਅਸੀਂ ਇਕ ਅਜਿਹੀ ਦੁਨੀਆ ਵਿੱਚ ਰਹਿ ਰਹੇ ਹਾਂ ਜੋ ਮਤਿਭੇਦਾਂ ਨਾਲ ਭਰੀ ਹੋਈ ਹੈ । ਕਈ ਦੇਸ਼ ਪ੍ਰਗਤੀ ਦੀ ਉਚਾਈਈਆਂ ਨੂੰ ਛੂਹ ਰਹੇ ਹਨ, ਜੱਦ ਕਿ ਲੋਕਾਂ ਦੀ ਇਕ ਬਹੁਤ ਵੱਡੀ ਗਿਣਤੀ ਭੁੱਖ ਤੇ ਗਰੀਬੀ ਕਰਕੇ ਮਰ ਰਹੀ ਹੈ । ਇਕ ਪਾਸੇ ਤਾਂ ਅਸੀਂ ਲੱਖਾਂ ਹੀ ਟਨ ਅਨਾਜ ਸਾਗਰਾਂ ਵਿੱਚ ਸੁੱਟ ਦਿੰਦੇ ਹਾਂ ਅਤੇ ਦੂਜੇ ਪਾਸੇ ਕਰੋੜ੍ਹਾਂ ਹੀ ਲੋਕ ਅਜਿਹੇ ਹਨ ਜਿੰਨ੍ਹਾ ਨੂੰ ਖਾਣ ਲਈ ਬਹੁਤ ਹੀ ਕਠਿਨਾਈ ਨਾਲ ਕੁਝ ਮਿਲਦਾ ਹੈ । ਇਕ ਪਾਸੇ ਤਾਂ ਕਰੋੜ ਪਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਅਤੇ ਦੂਜੇ ਪਾਸੇ ਸਮਾਜ ਦੇ ਕਈ ਤਬਕੇ ਬਹੁਤ ਹੀ ਗਰੀਬ ਹੋ ਗਏ ਹਨ ।

ਇਕ ਅਜਿਹੀ ਦੁਨੀਆ ਦੀ ਸਥਾਪਨਾ ਦੀ ਲੋੜ ਹੋਵੇ ਗੀ ਜੋ ਜੰਗ ਨੂੰ ਉਕੱਾ ਹੀ ਛੱਡ ਦੇਵੇ ਅਤੇ ਅਮਨ ਦੀ ਜਾਚਕ ਹੋਵੇ, ਜੋ ਸਾਰਿਆਂ ਨੂੰ ਨਾਲ ਲੈਕੇ ਸਾਮੂਹਿਕ ਤੌਰ'ਤੇ ਜਤਨ ਕਰੇ, ਜੋ ਅਨਿਆਏ ਦੇ ਵਿਰੁਧ ਖੜੀ ਹੋ ਜਾਵੇ ਅਤੇ ਸਮਾਜਕ ਨਿਆਏ ਨੂੰ ਵਧਾਏ ।

ਸੋ, ਇਹ ਕੁਝ ਵਿਚਾਰ ਸਨ ਜੋ ਮੈਂ ਪੇਸ਼ ਕੀਤੇ । ਅਲੱਾਹ ਤਆਲਾ ਕਰੇ ਦੁਨੀਆ ਆਪਣੇ ਪੈਦਾ ਕਰ ਵਾਲੇ ਵੱਲ ਧਿਆਨ ਦੇਵੇ, ਉਸ ਨੂੰ ਪਛਾਣੇ ਅਤੇ ਰੱਬ ਨੂੰ ਪਛਾਨਣ ਨਾਲ ਹੀ ਇਹ ਤਬਾਹੀ ਤੋਂ ਬੱਚ ਸਕਦੇ ਹਾਂ ਜੋ ਸਾਡੇ ਸਾਹਮਣੇ ਖੜੀ ਹੈ, ਜਿਸ ਦੀ ਵਾਰਨਿੰਗ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਕਲਾਮ ਵਿੱਚ ਅਤੇ ਆਪਣੀਆਂ ਲੇਖਣੀਆਂ ਵਿੱਚ ਅਨੇਕਾਂ ਵਾਰ ਦਿੱਤੀ ਹੈ ।

ਇਸ ਤੋਂ ਬਿਨਾਂ ਅੱਜ ਫਿਰ ਮੈਂ ਪਾਕਿਸਤਾਨ ਦੇ ਹਾਲਾਤਾਂ ਬਾਰੇ ਵੀ ਦੁਆ ਲਈ ਆਖਣਾ ਚਾਹੁੰਦਾ ਹਾਂ । ਦੁਆ ਕਰੋ ਕਿ ਅਲੱਾਹ ਤਆਲਾ ਉਸ ਦੇਸ਼ ਨੂੰ ਸ਼ਰਾਰਤੀ ਅੰਸਰਾਂ ਤੋਂ ਬਚਾਏ ਅਤੇ ਅਹਮਦੀਆਂ ਨੂੰ ਵੀ ਸੁਰੱਖਿਅਤ ਰੱਖੇ ਅਤੇ ਉਹਨਾਂ ਸਾਰਿਆਂ ਲੋਕਾਂ ਨੂੰ ਵੀ ਸੁਰੱਖਿਅਤ ਰੱਖੇ ਜੋ ਅਮਨ ਦੇ ਜਾਚਕ ਹਨ ਅਤੇ ਇਸ ਫਿਤਨਿਆਂ ਤੇ ਫਸਾਦਾ ਤੋਂ ਬਚਣਾ ਚਾਹੁੰਦੇ ਹਨ ਅਤੇ ਇਸ ਦੇ ਭਾਗੀ ਨਹੀਂ ਹਨ । ਇਸੇ ਪ੍ਰਕਾਰ ਸੀਰਿਆ ਦੇ ਹਾਲਾਤਾਂ ਬਾਰੇ ਵੀ ਦੁਆ ਕਰੋ ਕਿ ਅਲੱਾਹ ਤਆਲਾ ਓਥੇ ਵੀ ਅਹਮਦੀਆਂ ਨੂੰ ਸੁਰੱਖਿਅਤ ਰੱਖੇ । ਅਕਾਰਣ ਹੀ ਕਈ ਦਿਨਾਂ ਪਹਿਲਾਂ ਇਕ ਅਹਮਦੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ । ਅਲੱਾਹ ਤਆਲਾ ਸਾਰਿਆਂ ਅਹਮਦੀਆਂ ਦੀ ਸੁਰੱਖਿਆ ਕਰੇ ਅਤੇ ਆਮ ਕਰਕੇ ਸਾਰੀ ਦੁਨੀਆਂ ਲਈ ਵੀ ਦੁਆ ਕਰੋ, ਜੋ ਹਾਲਾਤ ਹੁਣ ਪੈਦਾ ਹੋ ਰਹੇ ਹਨ ਇਉਂ ਲੱਗਤਾ ਹੈ ਕਿ ਜੰਗ ਵੱਲ ਬਹੁਤ ਤੇਜ਼ੀ ਨਾਲ ਵੱਧ ਰਹੇ ਹਨ । ਕਈ ਵੱਡੀਆਂ ਹਕੂਮਤਾ ਇਸ ਗੱਲ ਨੂੰ ਸਮਝ ਨਹੀਂ ਰਹੀਆਂ ਕਿ ਜੇਕਰ ਜੰਗ ਹੁੰਦੀ ਹੈ ਤਾਂ ਕਿੰਨ੍ਹੀ ਖ਼ੌਫ਼ਨਾਕ ਅਵਸਥਾ ਪੈਦਾ ਹੋਣ ਵਾਲੀ ਹੈ । ਦੁਨੀਆ ਤਬਾਹੀ ਦੇ ਹੰਢੇ ਉਪੱਰ ਖੜੀ ਹੈ । ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਹਨਾਂ ਲਈ ਬਹੁਤ ਅਧਿਕ ਦੁਆਵਾਂ ਕਰੀਏ ।